'ਨ੍ਹੇਰਾ

ਅੰਨਦਾਤੇ ਦੀ ਕਦਰ ਨਾ ਪਾਈ
ਤਿੰਨ ਕਨੂੰਨ ਘੜ੍ਹ ਗਿਆ 'ਨ੍ਹੇਰਾ ।
ਸੂਹੀ ਸਵੇਰ ਨਾ ਦੇਣੀ ਮੰਨੇ
ਵੇਖੋ ਕਿੰਨਾ ਤੜ੍ਹ ਗਿਆ 'ਨ੍ਹੇਰਾ ।
ਮੇਰੇ ਮੂਹਰੇ ਕੁਸਕੂ ਕਿਹੜਾ
ਹੰਕਾਰ ਵਿੱਚ ਸੜ ਗਿਆ 'ਨ੍ਹੇਰਾ ।
ਤੋਮਰ ਪਹਿਲਾਂ ਬੜ੍ਹਕਾਂ ਮਾਰੇ
ਉਹਲੇ ਹੋ ਫਿਰ ਖੜ੍ਹ ਗਿਆ 'ਨ੍ਹੇਰਾ ।
ਰਾਜਨਾਥ ਨੇ ਕੀਤੀ ਕੋਸ਼ਿਸ਼
ਉਹਦੇ ਤੇ ਵੀ ਚੜ੍ਹ ਗਿਆ 'ਨ੍ਹੇਰਾ ।
ਲੋਕ ਰੋਹ ਨੂੰ ਟਿੱਚ ਸਮਝਦਾ
ਬੋਲ ਕੁਵੱਲੇ ਘੜ ਗਿਆ 'ਨ੍ਹੇਰਾ ।
ਪਰਜੀਵੀ ਅੰਦੋਲਨ ਜੀਵੀ
ਸ਼ਬਦ ਕੁਸੈਲੇ, ਮੜ੍ਹ ਗਿਆ 'ਨ੍ਹੇਰਾ ।
ਪਾਕਿਸਤਾਨੀ ਖਾਲਸਿਤਾਨੀ
ਬੋਲ ਬੋਲ ਕੇ ਸੜ ਗਿਆ 'ਨ੍ਹੇਰਾ ।
ਰਾਜੇਵਾਲ ਨਾਲ ਰਾਕੇਸ਼ ਟਿਕੈਤ
ਲੋਕ ਰੋਹ ਤੱਕ, ਝੜ ਗਿਆ ਨ੍ਹੇਰਾ ।
ਮੇਲਾ ਕਹੋ ਝਮੇਲਾ ਆਖੋ, ਕਿਸਾਨ
ਅੰਦੋਲਨ ਤੋਂ ਡਰ ਗਿਆ ਨ੍ਹੇਰਾ ।

- ਪਿਆਰਾ ਸਿੰਘ ਕੁੱਦੋਵਾਲ 01/12/2022

- pskudowal@yahoo.com